# ਓਵਰਲੇਅ ਸ਼ਬਦਾਵਲੀ

## ਵਾਸ਼ਿੰਗਟਨ Environmental Health Disparities (EHD) ਦਾ ਨਕਸ਼ਾ

## ਪਿਛੋਕੜ

ਉਹ ਥਾਵਾਂ ਜਿੱਥੇ ਅਸੀਂ ਰਹਿੰਦੇ, ਕੰਮ ਕਰਦੇ ਅਤੇ ਖੇਡਦੇ ਹਾਂ, ਸਾਡੀ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ — ਜਿਵੇਂ ਸਾਡਾ ਸਮਾਜਿਕ ਵਾਤਾਵਰਣ ਵੀ ਕਰਦਾ ਹੈ। ਇਹ ਕਾਰਕ ਆਪਸ ਵਿੱਚ ਮਿਲਕੇ ਕੰਮ ਕਰਦੇ ਹਨ ਅਤੇ ਇੱਕ ਦੂਜੇ ਉੱਤੇ ਪ੍ਰਭਾਵ ਪਾਉਂਦੇ ਹਨ। ਪ੍ਰਦੂਸ਼ਣ, ਰਹਿਣ-ਸਹਿਣ ਦਾ ਖਰਚਾ ਅਤੇ ਹੋਰ ਸਮਾਜਿਕ ਸਥਿਤੀਆਂ ਆਪਣੇ ਆਪ ਪੈਦਾ ਨਹੀਂ ਹੁੰਦੀਆਂ ਹਨ। ਇਹ ਨਸਲਵਾਦ, ਬਸਤੀਵਾਦ ਅਤੇ ਹੋਰ ਬੇਇਨਸਾਫ਼ੀਆਂ ਦੇ ਲਗਾਤਾਰ ਪ੍ਰਭਾਵਾਂ ਨਾਲ ਮਿਲ ਕੇ ਭਾਈਚਾਰੇ ਦੀ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ।

Environmental Health Disparities (EHD, ਵਾਤਾਵਰਣ ਸੰਬੰਧੀ ਸਿਹਤ ਅਸਮਾਨਤਾਵਾਂ) ਦੇ ਨਕਸ਼ੇ ਦਾ ਮੁੱਖ ਟੀਚਾ ਵਾਤਾਵਰਣ ਸੰਬੰਧੀ ਸਿਹਤ ਖਤਰਿਆਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਭਾਈਚਾਰਿਆਂ ਦੀ ਪਛਾਣ ਕਰਨਾ ਹੈ। ਇਹ ਟੂਲ ਜਨਗਣਨਾ ਖੇਤਰ ਅਨੁਸਾਰ ਇਹਨਾਂ ਖਤਰਿਆਂ ਨੂੰ ਰੈਂਕ ਦਿੰਦਾ ਹੈ ਅਤੇ ਪ੍ਰਦੂਸ਼ਣ ਦੇ ਕੁੱਲ ਪ੍ਰਭਾਵਾਂ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਭਾਈਚਾਰਿਆਂ ਨੂੰ ਉਜਾਗਰ ਕਰਦਾ ਹੈ। ਇਹ ਜਨਗਣਨਾ ਖੇਤਰ ਅਨੁਸਾਰ ਵਾਤਾਵਰਣ ਸੰਬੰਧੀ ਸਿਹਤ ਉਪਾਵਾਂ ਦੀ ਵੀ ਪਛਾਣ ਕਰਦਾ ਹੈ — ਜਿਸ ਨਾਲ ਭਾਈਚਾਰਿਆਂ, ਨੀਤੀ-ਨਿਰਧਾਰਕਾਂ, ਸਰਕਾਰੀ ਨੇਤਾਵਾਂ ਅਤੇ ਹੋਰਾਂ ਲਈ ਡੇਟਾ ਆਧਾਰਿਤ ਜਾਣਕਾਰੀਆਂ ਪ੍ਰਦਾਨ ਹੁੰਦੀਆਂ ਹਨ।

ਓਵਰਲੇਅ ਉਪਾਵਾਂ ਤੋਂ ਵੱਖਰੇ ਹੁੰਦੇ ਹਨ। ਇਹ ਡੇਟਾ ਲੇਅਰਜ਼ ਹੁੰਦੇ ਹਨ ਜੋ ਨਕਸ਼ੇ ਵਿੱਚ ਵਾਧੂ ਸੰਦਰਭ ਅਤੇ ਦ੍ਰਿਸ਼ਟੀਗਤ ਸਹਾਇਤਾ ਪ੍ਰਦਾਨ ਕਰਨ ਲਈ ਸ਼ਾਮਲ ਕੀਤੇ ਜਾ ਸਕਦੇ ਹਨ। ਇਹ ਕਿਸੇ ਭਾਈਚਾਰੇ ਦੇ ਵਾਤਾਵਰਣ ਸੰਬੰਧੀ ਸਿਹਤ ਖਤਰਿਆਂ ਦੇ ਸਕੋਰ ਵਿੱਚ ਯੋਗਦਾਨ ਨਹੀਂ ਪਾਉਂਦੇ ਹਨ।

ਇਹ ਦਸਤਾਵੇਜ਼ ਓਵਰਲੇਅ ਦੇ ਵੇਰਵੇ ਪ੍ਰਦਾਨ ਕਰਦਾ ਹੈ ਅਤੇ ਇਹ ਵੀ ਦੱਸਦਾ ਹੈ ਕਿ ਇਨ੍ਹਾਂ ਨੂੰ EHD ਨਕਸ਼ੇ 'ਤੇ ਸ਼ਾਮਲ ਕਰਨਾ ਕਿਉਂ ਮਹੱਤਵਪੂਰਨ ਹੈ। ਓਵਰਲੇਜ਼ ਨੂੰ ਕਿਵੇਂ ਵਰਤਣਾ ਹੈ ਅਤੇ ਡੇਟਾ ਸਰੋਤਾਂ ਬਾਰੇ ਜਾਣਕਾਰੀ ਓਵਰਲੇਜ਼ 'ਤੇ ਉਪਲਬਧ ਹੈ: ਕਿਵੇਂ ਕਰਨਾ ਹੈ ਅਤੇ ਡੇਟਾ ਦੇ ਸਰੋਤ (ਅੰਗਰੇਜ਼ੀ ਵਿੱਚ)।

## ਹਵਾਈ ਅੱਡਿਆਂ ਦੇ ਰਨਵੇ

ਹਵਾਈ ਜਹਾਜ਼ ਬਹੁਤ ਜ਼ਿਆਦਾ ਸ਼ੋਰ ਅਤੇ ਹਵਾ ਪ੍ਰਦੂਸ਼ਣ ਕਰਦੇ ਹਨ, ਜਿਸ ਵਿੱਚ ਹਵਾਈ ਇੰਧਨ ਤੋਂ ਹੋਣ ਵਾਲਾ ਨਿਕਾਸ ਵੀ ਸ਼ਾਮਲ ਹੈ। ਇਹ ਨੇੜੇ ਰਹਿਣ ਵਾਲੇ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੇ ਹਨ। ਬੱਚੇ, ਬਜ਼ੁਰਗ, ਘੱਟ ਵਿੱਤੀ ਮੌਕਿਆਂ ਵਾਲੇ ਲੋਕ ਅਤੇ ਉਹ ਵਿਅਕਤੀ ਜੋ ਹਵਾਈ ਅੱਡਿਆਂ ਵਿੱਚ ਜਾਂ ਉਹਨਾਂ ਦੇ ਨੇੜੇ ਕੰਮ ਕਰਦੇ ਹਨ, ਉਹਨਾਂ ਦੀ ਸਿਹਤ 'ਤੇ ਬੁਰਾ ਪ੍ਰਭਾਵ ਪੈਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

## ਸ਼ਹਿਰ ਦੀਆਂ ਸੀਮਾਵਾਂ

ਸ਼ਹਿਰ ਦੀਆਂ ਸੀਮਾਵਾਂ ਇਸ ਗੱਲ ਨੂੰ ਨਿਰਧਾਰਿਤ ਕਰਦੀਆਂ ਹਨ ਕਿ ਸਥਾਨਕ ਸਰਕਾਰਾਂ ਸੇਵਾਵਾਂ, ਫੰਡਿੰਗ ਅਤੇ ਬੁਨਿਆਦੀ ਢਾਂਚੇ ਬਾਰੇ ਫੈਸਲੇ ਕਿਵੇਂ ਕਰਦੀਆਂ ਹਨ। ਇਹ ਫੈਸਲੇ ਇਸ ਗੱਲ ਨੂੰ ਪ੍ਰਭਾਵਿਤ ਕਰ ਸਕਦੇ ਹਨ ਕਿ ਭਾਈਚਾਰਿਆਂ ਨੂੰ ਕਿਹੜੇ ਸਰੋਤਾਂ ਅਤੇ ਵਾਤਾਵਰਣ ਸੰਬੰਧੀ ਕਾਰਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਭਾਈਚਾਰਿਆਂ 'ਤੇ ਇਹਨਾਂ ਪ੍ਰਭਾਵਾਂ ਦਾ ਅਸਰ ਦੂਜਿਆਂ ਦੇ ਮੁਕਾਬਲੇ ਜ਼ਿਆਦਾ ਹੋ ਸਕਦਾ ਹੈ, ਜਿਸ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਘੱਟ ਵਿੱਤੀ ਸਰੋਤਾਂ ਵਾਲੇ ਲੋਕ ਅਤੇ ਸ਼ਹਿਰ ਦੀਆਂ ਸੀਮਾਵਾਂ ਦੇ ਨੇੜੇ ਰਹਿਣ ਵਾਲੇ ਲੋਕ ਸ਼ਾਮਲ ਹਨ।

## ਸਫਾਈ ਵਾਲੀਆਂ ਸਾਈਟਾਂ

ਸਫਾਈ ਵਾਲੀਆਂ ਸਾਈਟਾਂ ਛੋਟੀਆਂ ਹੋ ਸਕਦੀਆਂ ਹਨ, ਜਿਵੇਂ ਕਿ ਜ਼ਮੀਨ ਹੇਠਾਂ ਟੈਂਕ ਤੋਂ ਲੀਕ ਨੂੰ ਠੀਕ ਕਰਨਾ ਜਾਂ ਵੱਡੀਆਂ ਅਤੇ ਗੁੰਝਲਦਾਰ ਵੀ ਹੋ ਸਕਦੀਆਂ ਹਨ, ਜਿਨ੍ਹਾਂ ਲਈ ਸਫਾਈ ਦੇ ਵਧੇਰੇ ਉੱਨਤ ਤਰੀਕਿਆਂ ਦੀ ਲੋੜ ਹੁੰਦੀ ਹੈ। ਇਨ੍ਹਾਂ ਸਥਾਨਾਂ ਦਾ ਨਕਸ਼ਾ ਤਿਆਰ ਕਰਨਾ ਮਹੱਤਵਪੂਰਨ ਹੈ ਕਿਉਂਕਿ ਪ੍ਰਦੂਸ਼ਣ ਨੇੜੇ ਰਹਿਣ ਵਾਲੇ ਭਾਈਚਾਰਿਆਂ ਅਤੇ ਵਾਤਾਵਰਣ ਪ੍ਰਣਾਲੀਆਂ ਦੀ ਮਿੱਟੀ, ਪਾਣੀ ਅਤੇ ਹਵਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਬੱਚੇ, ਬਜ਼ੁਰਗ, ਘੱਟ ਵਿੱਤੀ
ਸਰੋਤਾਂ ਵਾਲੇ ਵਿਅਕਤੀ ਅਤੇ ਇਨ੍ਹਾਂ ਸਾਈਟਾਂ ਦੇ ਨੇੜੇ ਰਹਿਣ ਜਾਂ ਕੰਮ ਕਰਨ ਵਾਲੇ ਲੋਕ ਸ਼ਾਮਲ ਹਨ।

## ਕਾਉਂਟੀ ਦੀਆਂ ਸੀਮਾਵਾਂ

ਕਾਉਂਟੀ ਦੀਆਂ ਸੀਮਾਵਾਂ ਇਹ ਦਰਸਾਉਂਦੀਆਂ ਹਨ ਕਿ ਹਰੇਕ ਕਾਉਂਟੀ ਦਾ ਅਧਿਕਾਰ ਖੇਤਰ ਕਿੱਥੋਂ ਸ਼ੁਰੂ ਹੁੰਦਾ ਹੈ ਅਤੇ ਕਿੱਥੇ ਖਤਮ ਹੁੰਦਾ ਹੈ। ਕਬਾਇਲੀ ਸੀਮਾਵਾਂ ਇੱਕ ਵੱਖਰਾ ਓਵਰਲੇਅ ਹਨ ਅਤੇ ਇਹ ਕਾਉਂਟੀ ਸੀਮਾਵਾਂ ਦੀ ਪਾਲਣਾ ਨਹੀਂ ਕਰਦੀਆਂ। ਕਾਉਂਟੀ ਦੀਆਂ ਸੀਮਾਵਾਂ ਦਾ ਨਕਸ਼ਾ ਤਿਆਰ ਕਰਨਾ ਮਹੱਤਵਪੂਰਨ ਹੈ ਕਿਉਂਕਿ ਕਾਉਂਟੀਆਂ ਇਹ ਫੈਸਲਾ ਕਰਨ ਵਿੱਚ ਮਦਦ ਕਰਦੀਆਂ ਹਨ ਕਿ ਜਨਤਕ ਸਿਹਤ ਸੇਵਾਵਾਂ ਕਿਵੇਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜ਼ਮੀਨ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ ਅਤੇ ਸਰੋਤ ਕਿਵੇਂ ਸਾਂਝੇ ਕੀਤੇ ਜਾਂਦੇ ਹਨ। ਇਹ ਫੈਸਲੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਅਤੇ ਉਨ੍ਹਾਂ ਨੂੰ ਮਿਲਣ ਵਾਲੀਆਂ ਸੇਵਾਵਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਸ ਦਾ ਪ੍ਰਭਾਵ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰਿਆਂ, ਬੱਚਿਆਂ, ਬਜ਼ੁਰਗਾਂ, ਘੱਟ ਵਿੱਤੀ ਸਰੋਤਾਂ ਵਾਲੇ ਲੋਕਾਂ ਅਤੇ ਕਾਉਂਟੀ ਦੀਆਂ ਹੱਦਾਂ ਦੇ ਨੇੜੇ ਰਹਿਣ ਵਾਲਿਆਂ 'ਤੇ ਵਧੇਰੇ ਹੋ ਸਕਦਾ ਹੈ।

## ਡਰਾਈ ਕਲੀਨਰ

ਡਰਾਈ ਕਲੀਨਰਾਂ ਨੂੰ ਨਕਸ਼ੇ 'ਤੇ ਦਰਸਾਉਣਾ ਮਹੱਤਵਪੂਰਨ ਹੈ ਕਿਉਂਕਿ ਡਰਾਈ ਕਲੀਨਿੰਗ ਦੇ ਕੁਝ ਰਸਾਇਣ ਹਵਾ, ਮਿੱਟੀ ਅਤੇ ਧਰਤੀ ਹੇਠਲੇ ਪਾਣੀ ਵਿੱਚ ਹਾਨੀਕਾਰਕ ਪਦਾਰਥ ਛੱਡ ਸਕਦੇ ਹਨ। ਜਦੋਂ ਅਜਿਹਾ ਹੁੰਦਾ ਹੈ, ਤਾਂ ਨੇੜਲੇ ਇਲਾਕੇ ਪ੍ਰਭਾਵਿਤ ਹੋ ਸਕਦੇ ਹਨ। ਸਭ ਤੋਂ ਵੱਧ ਖਤਰੇ ਵਾਲੇ ਲੋਕਾਂ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਬੱਚੇ, ਬਜ਼ੁਰਗ, ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ ਅਤੇ ਇਨ੍ਹਾਂ ਸਥਾਨਾਂ ਦੇ ਸਭ ਤੋਂ ਨੇੜੇ ਰਹਿਣ ਜਾਂ ਕੰਮ ਕਰਨ ਵਾਲੇ ਲੋਕ ਸ਼ਾਮਲ ਹਨ।

## ਨਿਵੇਸ਼ਕਾਂ ਦੀ ਮਲਕੀਅਤ ਵਾਲੀਆਂ ਬਿਜਲੀ ਸਹੂਲਤਾਂ

ਸਾਰੀਆਂ ਨਿਵੇਸ਼ਕਾਂ ਦੀ ਮਲਕੀਅਤ ਵਾਲੀਆਂ ਬਿਜਲੀ ਸਹੂਲਤਾਂ ਵਾਲੀਆਂ ਕੰਪਨੀਆਂ ਦੇ ਸੇਵਾ ਖੇਤਰਾਂ ਦਾ ਨਕਸ਼ਾ ਤਿਆਰ ਕਰਨਾ ਇਹਨਾਂ ਕੰਪਨੀਆਂ ਨੂੰ ਇਹ ਦੇਖਣ ਵਿੱਚ ਮਦਦ ਕਰਦਾ ਹੈ ਕਿ ਉਹ ਕਿਹੜੇ ਬਹੁਤ ਜ਼ਿਆਦਾ ਪ੍ਰਭਾਵਿਤ ਭਾਈਚਾਰਿਆਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ। ਇਹ ਜਾਣਕਾਰੀ 2019 ਦੇ Clean Energy Transformation Act (CETA, ਕਲੀਨ ਐਨਰਜੀ ਟ੍ਰਾਂਸਫਾਰਮੇਸ਼ਨ ਐਕਟ) ਦੇ ਅਧੀਨ ਉਹਨਾਂ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੀ ਹੈ, ਜੋ ਸਹੂਲਤਾਂ ਲਈ ਅਜਿਹੇ ਤਰੀਕਿਆਂ ਨਾਲ ਸਾਫ ਊਰਜਾ ਵੱਲ ਵਧਣਾ ਲਾਜ਼ਮੀ ਬਣਾਉਂਦਾ ਹੈ ਜਿਸ ਨਾਲ ਉਹਨਾਂ ਦੇ ਗਾਹਕਾਂ ਨੂੰ ਫਾਇਦਾ ਹੋਵੇ। ਸਹੂਲਤਾਂ ਦੇ ਫੈਸਲਿਆਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ ਅਤੇ ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ ਸ਼ਾਮਲ ਹਨ।

CETA ਵਿੱਚ Department of Health (ਸਿਹਤ ਵਿਭਾਗ) ਦੀ ਭੂਮਿਕਾ ਬਾਰੇ ਹੋਰ ਜਾਣਕਾਰੀ ਲਈ CETA ਵੈੱਬਪੇਜ 'ਤੇ ਜਾਓ: https://doh.wa.gov/data-statistical-reports/washington-tracking-network-wtn/climate-projections/clean-energy-transformation-act (ਅੰਗਰੇਜ਼ੀ ਵਿੱਚ)

## ਸਰਕਾਰੀ ਬਿਜਲੀ ਸਹੂਲਤਾਂ

ਸਾਰੀਆਂ ਸਰਕਾਰੀ ਬਿਜਲੀ ਸਹੂਲਤਾਂ ਵਾਲੀਆਂ ਕੰਪਨੀਆਂ ਦੇ ਸੇਵਾ ਖੇਤਰ ਦਾ ਵੇਰਵਾ ਇਹਨਾਂ ਕੰਪਨੀਆਂ ਨੂੰ ਇਹ ਦੇਖਣ ਵਿੱਚ ਮਦਦ ਕਰਦਾ ਹੈ ਕਿ ਉਹ ਕਿਹੜੇ ਬਹੁਤ ਜ਼ਿਆਦਾ ਪ੍ਰਭਾਵਿਤ ਭਾਈਚਾਰਿਆਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ ਅਤੇ ਇਹ 2019 ਦੇ Clean Energy Transformation Act (CETA) ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦੇ ਕੰਮ ਦਾ ਸਮਰਥਨ ਕਰਦਾ ਹੈ। ਊਰਜਾ ਯੋਜਨਾਬੰਦੀ, ਬੁਨਿਆਦੀ ਢਾਂਚੇ ਅਤੇ ਨਿਵੇਸ਼ਾਂ ਬਾਰੇ ਲਏ ਗਏ ਫੈਸਲੇ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਜਿਸ ਵਿੱਚ ਖਾਸ ਕਰਕੇ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ ਅਤੇ ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ ਸ਼ਾਮਲ ਹਨ।

CETA ਵਿੱਚ Department of Health ਦੀ ਭੂਮਿਕਾ ਬਾਰੇ ਹੋਰ ਜਾਣਕਾਰੀ ਲਈ CETA ਵੈੱਬਪੇਜ 'ਤੇ ਜਾਓ: **https://doh.wa.gov/data-statistical-reports/washington-tracking-network-wtn/climate-projections/clean-energy-transformation-act** (ਅੰਗਰੇਜ਼ੀ ਵਿੱਚ)

## ਪੁਰਾਣੇ ਬਾਗਾਂ ਵਾਲੀਆਂ ਜ਼ਮੀਨਾਂ

ਪਿਛਲੇ ਸਮੇਂ ਵਿੱਚ ਬਾਗਾਂ ਵਿੱਚ ਵਰਤੀਆਂ ਜਾਣ ਵਾਲੀਆਂ ਕੁਝ ਕੀਟਨਾਸ਼ਕ ਦਵਾਈਆਂ — ਜਿਵੇਂ ਕਿ ਲੈੱਡ-ਆਰਸੈਨੇਟ — ਮਿੱਟੀ ਵਿੱਚ ਲੰਬੇ ਸਮੇਂ ਤੱਕ ਰਹਿ ਸਕਦੀਆਂ ਹਨ। ਜਿਹੜੇ ਲੋਕ ਇਨ੍ਹਾਂ ਪੁਰਾਣੀਆਂ ਬਾਗਾਂ ਵਾਲੀਆਂ ਸਾਈਟਾਂ 'ਤੇ ਜਾਂ ਇਨ੍ਹਾਂ ਦੇ ਨੇੜੇ ਰਹਿੰਦੇ ਹਨ, ਕੰਮ ਕਰਦੇ ਹਨ ਜਾਂ ਸਕੂਲ ਜਾਂਦੇ ਹਨ, ਉਹ ਅਜੇ ਵੀ ਇਸ ਪ੍ਰਦੂਸ਼ਣ ਦੇ ਸੰਪਰਕ ਵਿੱਚ ਆ ਸਕਦੇ ਹਨ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਬੱਚੇ, ਬਜ਼ੁਰਗ, ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ ਅਤੇ ਇਨ੍ਹਾਂ ਖੇਤਰਾਂ ਦੇ ਸਭ ਤੋਂ ਨੇੜੇ ਰਹਿਣ ਵਾਲੇ ਲੋਕ ਸ਼ਾਮਲ ਹਨ।

## ਖ਼ਤਰਨਾਕ ਰਹਿੰਦ-ਖੂੰਹਦ ਵਾਲੀਆਂ ਸਾਈਟਾਂ

ਖ਼ਤਰਨਾਕ ਰਹਿੰਦ-ਖੂੰਹਦ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਤੋਂ ਪੈਦਾ ਹੋ ਸਕਦੀ ਹੈ ਅਤੇ ਇਹ ਤਰਲ, ਠੋਸ, ਗੈਸ ਜਾਂ ਗਾਰ ਦੇ ਰੂਪ ਵਿੱਚ ਹੋ ਸਕਦੀ ਹੈ। ਇਨ੍ਹਾਂ ਸਾਈਟਾਂ ਦਾ ਨਕਸ਼ਾ ਤਿਆਰ ਕਰਨਾ ਮਹੱਤਵਪੂਰਨ ਹੈ ਕਿਉਂਕਿ ਖ਼ਤਰਨਾਕ ਰਹਿੰਦ-ਖੂੰਹਦ ਨੇੜੇ ਰਹਿਣ ਵਾਲੇ ਭਾਈਚਾਰਿਆਂ ਅਤੇ ਵਾਤਾਵਰਣ ਪ੍ਰਣਾਲੀਆਂ ਦੀ ਹਵਾ, ਮਿੱਟੀ ਅਤੇ ਪਾਣੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਬੱਚੇ, ਬਜ਼ੁਰਗ, ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ, ਪਹਿਲਾਂ ਤੋਂ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਲੋਕ ਅਤੇ ਇਨ੍ਹਾਂ ਸਾਈਟਾਂ ਦੇ ਸਭ ਤੋਂ ਨੇੜੇ ਰਹਿਣ ਜਾਂ ਕੰਮ ਕਰਨ ਵਾਲੇ ਲੋਕ ਸ਼ਾਮਲ ਹਨ।

## ਪੁਰਾਣੀ ਰੈੱਡਲਾਈਨਿੰਗ

ਰੈੱਡਲਾਈਨਿੰਗ ਨੇ ਕਈ ਦਹਾਕਿਆਂ ਤੱਕ ਇਹ ਨਿਰਧਾਰਿਤ ਕੀਤਾ ਕਿ ਪੈਸਾ ਅਤੇ ਸਰੋਤ ਕਿੱਥੇ ਨਿਵੇਸ਼ ਕੀਤੇ ਗਏ — ਅਤੇ ਕਿੱਥੇ ਨਹੀਂ ਕੀਤੇ ਗਏ ਹਨ। ਇਹਨਾਂ ਫੈਸਲਿਆਂ ਨੇ ਲੰਬੇ ਸਮੇਂ ਤੱਕ ਰਹਿਣ ਵਾਲੇ ਵਾਤਾਵਰਣ ਅਤੇ ਸਿਹਤ ਸੰਬੰਧੀ ਪ੍ਰਭਾਵ ਪੈਦਾ ਕੀਤੇ ਹਨ, ਜੋ ਅੱਜ ਵੀ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰਿਆਂ ਅਤੇ ਘੱਟ ਵਿੱਤੀ ਸਰੋਤਾਂ ਵਾਲੇ ਲੋਕਾਂ ਰਾਹੀਂ ਮਹਿਸੂਸ ਕੀਤੇ ਜਾਂਦੇ ਹਨ।

ਇਹ ਨਕਸ਼ੇ ਸਪੋਕੇਨ, ਸੀਏਟਲ ਅਤੇ ਟੈਕੋਮਾ ਲਈ ਉਪਲਬਧ ਹਨ, ਜੋ ਕਿ ਵਾਸ਼ਿੰਗਟਨ ਵਿੱਚ ਇਕੱਲੇ ਅਜਿਹੇ ਸ਼ਹਿਰ ਹਨ ਜਿੱਥੇ Home Owners Loan Corporation (HOLC) ਨੇ ਰੈੱਡਲਾਈਨਿੰਗ ਨਕਸ਼ੇ ਤਿਆਰ ਕੀਤੇ ਸਨ।

## ਘਰ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ

ਇਹ ਓਵਰਲੇਅ ਦਰਸਾਉਂਦਾ ਹੈ ਕਿ ਵਾਸ਼ਿੰਗਟਨ ਦੇ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਭਾਈਚਾਰੇ ਕਿੱਥੇ ਰਹਿੰਦੇ ਹਨ। ਇਹ ਜਾਣਕਾਰੀ ਸਕੂਲਾਂ ਅਤੇ ਹੋਰ ਸੰਸਥਾਵਾਂ ਨੂੰ ਅਨੁਵਾਦ, ਵਿਆਖਿਆ ਅਤੇ ਹੋਰ ਭਾਸ਼ਾਈ ਸਹਾਇਤਾ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦੀ ਹੈ ਜਿੱਥੇ ਇਸਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਬਹੁ-ਭਾਸ਼ਾਈ ਪਰਿਵਾਰ, ਪ੍ਰਵਾਸੀ ਅਤੇ ਰਫ਼ਿਊਜੀ ਪਰਿਵਾਰ, ਕਬਾਇਲੀ ਭਾਈਚਾਰੇ ਅਤੇ ਸਕੂਲ ਅਤੇ ਸਮਾਜਿਕ ਜੀਵਨ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਭਾਸ਼ਾ-ਪਹੁੰਚ ਸੇਵਾਵਾਂ 'ਤੇ ਨਿਰਭਰ ਰਹਿਣ ਵਾਲੇ ਵਿਦਿਆਰਥੀ ਸ਼ਾਮਲ ਹਨ।

## ਵਿਧਾਨ ਸਭਾ ਹਲਕੇ

ਵਿਧਾਨ ਸਭਾ ਹਲਕੇ ਇਹ ਤੈਅ ਕਰਦੇ ਹਨ ਕਿ ਰਾਜ ਦੀ ਵਿਧਾਨ ਸਭਾ ਵਿੱਚ ਹਰ ਖੇਤਰ ਦੀ ਨੁਮਾਇੰਦਗੀ ਕੌਣ ਕਰਦਾ ਹੈ ਅਤੇ ਨੀਤੀਆਂ, ਸਰੋਤਾਂ ਅਤੇ ਸੇਵਾਵਾਂ ਦੀ ਵੰਡ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਕਿਉਂਕਿ ਸੀਮਾਵਾਂ ਥਾਂ-ਥਾਂ 'ਤੇ ਵੱਖਰੀਆਂ ਹੋ ਸਕਦੀਆਂ ਹਨ, ਇਹ ਭਾਈਚਾਰੇ ਦੀਆਂ ਤਰਜੀਹਾਂ ਅਤੇ ਲੋਕਾਂ ਦੀਆਂ ਲੋੜਾਂ ਕਿੰਨੀ ਚੰਗੀ ਤਰ੍ਹਾਂ ਪੂਰੀਆਂ ਹੁੰਦੀਆਂ ਹਨ, ਇਸ 'ਤੇ ਪ੍ਰਭਾਵ ਪਾ ਸਕਦੀਆਂ ਹਨ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਘੱਟ ਵਿੱਤੀ ਸਰੋਤਾਂ ਵਾਲੇ ਲੋਕ ਅਤੇ ਉਹ ਲੋਕ ਸ਼ਾਮਲ ਹਨ ਜੋ ਜ਼ਿਲ੍ਹਿਆਂ ਦੀਆਂ ਹੱਦਾਂ ਦੇ ਨੇੜੇ ਰਹਿੰਦੇ ਹਨ ਜਿੱਥੇ ਨੁਮਾਇੰਦਗੀ ਲਾਈਨ ਦੇ ਇੱਕ ਪਾਸੇ ਤੋਂ ਦੂਜੇ ਪਾਸੇ ਬਦਲ ਸਕਦੀ ਹੈ।

## ਲਾਇਸੈਂਸ ਪ੍ਰਾਪਤ ਬੱਚਿਆਂ ਦੀ ਦੇਖਭਾਲ ਵਾਲੇ ਕੇਂਦਰ

ਬੱਚਿਆਂ ਦੀ ਦੇਖਭਾਲ ਤੱਕ ਸੁਰੱਖਿਅਤ ਅਤੇ ਭਰੋਸੇਮੰਦ ਪਹੁੰਚ ਪਰਿਵਾਰਾਂ ਦੀ ਭਲਾਈ, ਬਚਪਨ ਦੇ ਸ਼ੁਰੂਆਤੀ ਵਿਕਾਸ ਅਤੇ ਸਥਿਰ ਭਾਈਚਾਰਿਆਂ ਨੂੰ ਸਮਰਥਨ ਦਿੰਦੀ ਹੈ। ਬੱਚਿਆਂ ਦੀ ਦੇਖਭਾਲ ਦੀ ਉਪਲਬਧਤਾ ਇੱਕ ਇਲਾਕੇ ਤੋਂ ਦੂਜੇ ਇਲਾਕੇ ਵਿੱਚ ਕਾਫ਼ੀ ਵੱਖਰੀ ਹੋ ਸਕਦੀ ਹੈ, ਜਿਸ ਕਾਰਨ ਕੁਝ ਪਰਿਵਾਰਾਂ ਲਈ ਆਪਣੀ ਲੋੜ ਅਨੁਸਾਰ ਦੇਖਭਾਲ ਲੱਭਣਾ ਮੁਸ਼ਕਲ ਹੋ ਸਕਦੀ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਛੋਟੇ ਬੱਚੇ, ਕੰਮਕਾਜੀ ਮਾਪੇ ਅਤੇ ਦੇਖਭਾਲ ਕਰਨ ਵਾਲੇ, ਘੱਟ ਵਿੱਤੀ ਸਰੋਤਾਂ ਵਾਲੇ ਪਰਿਵਾਰ ਅਤੇ ਬੱਚਿਆਂ ਦੀ ਦੇਖਭਾਲ ਦੀ ਘਾਟ ਦਾ ਸਾਹਮਣਾ ਕਰ ਰਹੇ ਭਾਈਚਾਰੇ ਸ਼ਾਮਲ ਹਨ।

## ਲੰਬੇ ਸਮੇਂ ਦੀ ਦੇਖਭਾਲ ਵਾਲੇ ਨਰਸਿੰਗ ਘਰ

ਇਹ ਸਹੂਲਤਾਂ ਉਨ੍ਹਾਂ ਲੋਕਾਂ ਲਈ ਜ਼ਰੂਰੀ ਡਾਕਟਰੀ ਦੇਖਭਾਲ ਅਤੇ ਰੋਜ਼ਾਨਾ ਜੀਵਨ ਵਿੱਚ ਸਹਾਇਤਾ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਨੂੰ ਲਗਾਤਾਰ ਮਦਦ ਦੀ ਲੋੜ ਹੁੰਦੀ ਹੈ। ਗੁਣਵੱਤਾ ਵਾਲੀ ਦੇਖਭਾਲ ਤੱਕ ਪਹੁੰਚ ਕਿਸੇ ਵਿਅਕਤੀ ਦੇ ਰਹਿਣ ਦੇ ਸਥਾਨ 'ਤੇ ਨਿਰਭਰ ਕਰ ਸਕਦੀ ਹੈ, ਜਿਸ ਨਾਲ ਉਸਦੀ ਸਿਹਤ ਅਤੇ ਭਲਾਈ ਪ੍ਰਭਾਵਿਤ ਹੋ ਸਕਦੀ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਬਜ਼ੁਰਗ, ਅਪਾਹਜ ਵਿਅਕਤੀ, ਦੇਖਭਾਲ ਕਰਨ ਵਾਲੇ ਅਤੇ ਆਪਣੇ ਪਿਆਰਿਆਂ ਲਈ ਲੰਬੇ ਸਮੇਂ ਦੀ ਦੇਖਭਾਲ ਦੇ ਵਿਕਲਪਾਂ ਦੀ ਭਾਲ ਕਰ ਰਹੇ ਪਰਿਵਾਰ ਸ਼ਾਮਲ ਹਨ।

## ਲੰਬੇ ਸਮੇਂ ਦੀ ਰਿਹਾਇਸ਼ੀ ਦੇਖਭਾਲ

ਇਹ ਸਹੂਲਤਾਂ ਉਹਨਾਂ ਲੋਕਾਂ ਲਈ ਜ਼ਰੂਰੀ ਸਹਾਇਤਾ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਨੂੰ ਰੋਜ਼ਾਨਾ ਦੇ ਕੰਮਾਂ, ਡਾਕਟਰੀ ਦੇਖਭਾਲ ਜਾਂ ਵਿਸ਼ੇਸ਼ ਸੇਵਾਵਾਂ ਵਿੱਚ ਮਦਦ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਦੀ ਦੇਖਭਾਲ ਤੱਕ ਪਹੁੰਚ ਭਾਈਚਾਰੇ ਦੇ ਅਨੁਸਾਰ ਵੱਖ-ਵੱਖ ਹੋ ਸਕਦੀ ਹੈ, ਜਿਸ ਨਾਲ ਨਿਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਉਪਲਬਧ ਵਿਕਲਪ ਪ੍ਰਭਾਵਿਤ ਹੁੰਦੇ ਹਨ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਬਜ਼ੁਰਗ, ਅਪਾਹਜਤਾ ਵਾਲੇ ਵਿਅਕਤੀ ਜਾਂ ਦੇਖਭਾਲ ਦੀਆਂ ਗੁੰਝਲਦਾਰ ਲੋੜਾਂ ਵਾਲੇ ਵਿਅਕਤੀ, ਦੇਖਭਾਲ ਕਰਨ ਵਾਲੇ ਅਤੇ ਆਪਣੇ ਪਿਆਰਿਆਂ ਲਈ ਲੰਬੇ ਸਮੇਂ ਦੀ ਦੇਖਭਾਲ ਦੀ ਭਾਲ ਕਰ ਰਹੇ ਪਰਿਵਾਰ ਸ਼ਾਮਲ ਹਨ।

## ਓਜ਼ੋਨ ਦਾ ਸਾਲਾਨਾ ਸਭ ਤੋਂ ਵੱਧ ਗਾੜ੍ਹਾਪਣ

ਓਜ਼ੋਨ ਦਾ ਉੱਚ ਪੱਧਰ ਹਵਾ ਦੀ ਗੁਣਵੱਤਾ ਨੂੰ ਖਰਾਬ ਕਰ ਸਕਦਾ ਹੈ ਅਤੇ ਸਾਹ ਲੈਣ ਵਿੱਚ ਤਕਲੀਫ਼ ਅਤੇ ਦਿਲ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਬੱਚੇ, ਬਜ਼ੁਰਗ, ਦਮਾ ਜਾਂ ਫੇਫੜਿਆਂ ਦੀਆਂ ਹੋਰ ਬਿਮਾਰੀਆਂ ਵਾਲੇ ਵਿਅਕਤੀ, ਬਾਹਰ ਕੰਮ ਕਰਨ ਵਾਲੇ ਮਜ਼ਦੂਰ ਅਤੇ ਘੱਟ ਵਿੱਤੀ ਸਰੋਤਾਂ ਵਾਲੇ ਭਾਈਚਾਰੇ ਸ਼ਾਮਲ ਹਨ ਜਿਨ੍ਹਾਂ ਕੋਲ ਸੰਪਰਕ ਦੇ ਖਤਰਿਆਂ ਤੋਂ ਬਚਣ ਦੇ ਘੱਟ ਤਰੀਕੇ ਹੋ ਸਕਦੇ ਹਨ।

## PM2.5 ਸਾਲਾਨਾ ਗਾੜ੍ਹਾਪਣ

ਇਨ੍ਹਾਂ ਬਾਰੀਕ ਕਣਾਂ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਦਿਲ ਅਤੇ ਫੇਫੜਿਆਂ ਦੀ ਸਿਹਤ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਇਹ ਲੰਬੇ ਸਮੇਂ ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੇ ਹਨ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਬੱਚੇ, ਬਜ਼ੁਰਗ, ਦਮਾ ਜਾਂ ਸਾਹ ਲੈਣ ਦੀਆਂ ਹੋਰ ਸਮੱਸਿਆਵਾਂ ਵਾਲੇ ਵਿਅਕਤੀ, ਬਾਹਰ ਕੰਮ ਕਰਨ ਵਾਲੇ ਮਜ਼ਦੂਰ ਅਤੇ ਘੱਟ ਵਿੱਤੀ ਸਰੋਤਾਂ ਵਾਲੇ ਭਾਈਚਾਰੇ ਸ਼ਾਮਲ ਹਨ ਜਿਨ੍ਹਾਂ ਕੋਲ ਸੰਪਰਕ ਦੇ ਖਤਰਿਆਂ ਨੂੰ ਘਟਾਉਣ ਦੇ ਘੱਟ ਤਰੀਕੇ ਹੋ ਸਕਦੇ ਹਨ।

## PM2.5 ਰੋਜ਼ਾਨਾ ਗਾੜ੍ਹਾਪਣ

ਕਣ ਪ੍ਰਦੂਸ਼ਣ ਵਿੱਚ ਥੋੜ੍ਹੇ ਸਮੇਂ ਦਾ ਵਾਧਾ ਸਾਹ ਲੈਣ ਵਿੱਚ ਤਕਲੀਫ਼ ਪੈਦਾ ਕਰ ਸਕਦਾ ਹੈ, ਪੁਰਾਣੀਆਂ ਬਿਮਾਰੀਆਂ ਨੂੰ ਹੋਰ ਵਿਗਾੜ ਸਕਦਾ ਹੈ ਅਤੇ ਹਸਪਤਾਲ ਜਾਣ ਦੀ ਨੌਬਤ ਨੂੰ ਵਧਾ ਸਕਦਾ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਬੱਚੇ, ਬਜ਼ੁਰਗ, ਦਮਾ ਜਾਂ ਦਿਲ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਵਾਲੇ ਵਿਅਕਤੀ, ਬਾਹਰ ਕੰਮ ਕਰਨ ਵਾਲੇ ਮਜ਼ਦੂਰ ਅਤੇ ਘੱਟ ਵਿੱਤੀ ਸਰੋਤਾਂ ਵਾਲੇ ਭਾਈਚਾਰੇ ਸ਼ਾਮਲ ਹਨ।

## ਰੇਲਮਾਰਗ

ਰੇਲਮਾਰਗਾਂ 'ਤੇ ਚੱਲਣ ਵਾਲੀਆਂ ਰੇਲਗੱਡੀਆਂ ਸ਼ੋਰ, ਕੰਬਣੀ ਅਤੇ ਹਵਾ ਪ੍ਰਦੂਸ਼ਣ ਪੈਦਾ ਕਰ ਸਕਦੀਆਂ ਹਨ ਅਤੇ ਰੇਲ ਦੀ ਆਵਾਜਾਈ ਸੁਰੱਖਿਆ ਅਤੇ ਨੇੜਲੇ ਇਲਾਕਿਆਂ ਵਿੱਚ ਜ਼ਮੀਨ ਦੀ ਵਰਤੋਂ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਬੱਚੇ, ਬਜ਼ੁਰਗ, ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ ਅਤੇ ਮੁੱਖ ਰੇਲਮਾਰਗਾਂ ਦੇ ਨੇੜੇ ਰਹਿਣ ਜਾਂ ਕੰਮ ਕਰਨ ਵਾਲੇ ਲੋਕ ਸ਼ਾਮਲ ਹਨ।

## ਸੁਪਰਫੰਡ ਸਾਈਟਾਂ

ਸੁਪਰਫੰਡ ਸਾਈਟਾਂ ਤੋਂ ਹੋਣ ਵਾਲਾ ਪ੍ਰਦੂਸ਼ਣ ਕਈ ਸਾਲਾਂ ਤੱਕ ਮਿੱਟੀ, ਪਾਣੀ ਅਤੇ ਹਵਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸਫਾਈ ਦਾ ਕੰਮ ਸੰਘੀ ਸੁਪਰਫੰਡ ਪ੍ਰੋਗਰਾਮ ਰਾਹੀਂ ਕੀਤਾ ਜਾ ਰਿਹਾ ਹੈ ਪਰ ਨੇੜੇ ਰਹਿਣ ਵਾਲੇ ਲੋਕਾਂ ਨੂੰ ਅਜੇ ਵੀ ਵਾਤਾਵਰਣ ਅਤੇ ਸਿਹਤ ਸੰਬੰਧੀ ਖਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਬੱਚੇ, ਬਜ਼ੁਰਗ, ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ ਅਤੇ ਇਨ੍ਹਾਂ ਸਾਈਟਾਂ ਦੇ ਸਭ ਤੋਂ ਨੇੜੇ ਰਹਿਣ ਵਾਲੇ ਲੋਕ ਸ਼ਾਮਲ ਹਨ।

## ਟਾਕੋਮਾ ਸਮੈਲਟਰ ਪਲੂਮ

ਆਰਸੈਨਿਕ, ਲੈੱਡ ਅਤੇ ਹੋਰ ਭਾਰੀ ਧਾਤਾਂ ਦੇ ਪ੍ਰਦੂਸ਼ਕਾਂ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਖਾਸ ਕਰਕੇ ਪ੍ਰਭਾਵਿਤ ਇਲਾਕਿਆਂ ਵਿੱਚ ਰਹਿਣ ਵਾਲੇ, ਕੰਮ ਕਰਨ ਵਾਲੇ ਜਾਂ ਸਮਾਂ ਬਿਤਾਉਣ ਵਾਲੇ ਲੋਕਾਂ ਦੀ ਸਿਹਤ 'ਤੇ ਮਾੜਾ ਅਸਰ ਪੈ ਸਕਦਾ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਬੱਚੇ, ਬਜ਼ੁਰਗ, ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ ਅਤੇ ਦੂਸ਼ਿਤ ਮਿੱਟੀ ਦੇ ਸੰਪਰਕ ਵਿੱਚ ਆਉਣ ਵਾਲੇ ਲੋਕ ਸ਼ਾਮਲ ਹਨ।

ਟਾਕੋਮਾ ਸ਼ਹਿਰ ਨਾਲ ਸੰਬੰਧਿਤ ਹੋਰ ਵਿਸਥਾਰਪੂਰਕ ਨਕਸ਼ਿਆਂ ਲਈ Tacoma Maps ਪੋਰਟਲ 'ਤੇ ਜਾਓ: TacomaMaps (ਅੰਗਰੇਜ਼ੀ ਵਿੱਚ)।

## ਅਸਥਾਈ ਕਰਮਚਾਰੀ ਰਿਹਾਇਸ਼

ਅਸਥਾਈ ਰਿਹਾਇਸ਼ ਦੀ ਗੁਣਵੱਤਾ ਉੱਥੇ ਰਹਿਣ ਵਾਲੇ ਮਜ਼ਦੂਰਾਂ ਦੀ ਸਿਹਤ, ਸੁਰੱਖਿਆ ਅਤੇ ਭਲਾਈ 'ਤੇ ਅਸਰ ਪਾ ਸਕਦੀ ਹੈ — ਜੋ ਅਕਸਰ ਮੌਸਮੀ ਜਾਂ ਖੇਤੀਬਾੜੀ ਦੇ ਕੰਮਾਂ ਵਿੱਚ ਲੱਗੇ ਹੋਏ ਲੋਕ ਹੁੰਦੇ ਹਨ। ਸਾਫ਼, ਸੁਰੱਖਿਅਤ ਅਤੇ ਸਥਿਰ ਰਿਹਾਇਸ਼ ਤੱਕ ਪਹੁੰਚ ਵਿੱਚ ਕਾਫ਼ੀ ਫਰਕ ਹੋ ਸਕਦਾ ਹੈ, ਜਿਸ ਨਾਲ ਕੁਝ ਸਮੂਹਾਂ ਲਈ ਖਤਰੇ ਵੱਧ ਸਕਦੇ ਹਨ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਪ੍ਰਵਾਸੀ ਅਤੇ ਮੌਸਮ ਦੇ ਅਨੁਸਾਰ ਕੰਮ ਕਰਨ ਵਾਲੇ ਮਜ਼ਦੂਰ, ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ ਅਤੇ ਕੰਮ ਕਰਨ ਵਾਲੇ ਸਮੇਂ ਵਿੱਚ ਅਸਥਾਈ ਰਿਹਾਇਸ਼ 'ਤੇ ਨਿਰਭਰ ਰਹਿਣ ਵਾਲੇ ਪਰਿਵਾਰ ਸ਼ਾਮਲ ਹਨ।

## ਆਵਾਜਾਈ ਦਾ ਸ਼ੋਰ

ਲੰਬੇ ਸਮੇਂ ਤੱਕ ਤੇਜ਼ ਸ਼ੋਰ ਦੇ ਸੰਪਰਕ ਵਿੱਚ ਰਹਿਣ ਨਾਲ ਨੀਂਦ, ਤਣਾਅ, ਸਿੱਖਣ ਦੀ ਸਮਰੱਥਾ ਅਤੇ ਕੁੱਲ ਸਿਹਤ 'ਤੇ ਅਸਰ ਪੈ ਸਕਦਾ ਹੈ। ਮੁੱਖ ਸੜਕਾਂ, ਰੇਲਵੇ ਲਾਈਨਾਂ ਜਾਂ ਹਵਾਈ ਮਾਰਗਾਂ ਦੇ ਸਭ ਤੋਂ ਨੇੜੇ ਸਥਿਤ ਭਾਈਚਾਰਿਆਂ ਨੂੰ ਅਕਸਰ ਸਭ ਤੋਂ ਵੱਧ ਸ਼ੋਰ-ਸ਼ਰਾਬੇ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਬੱਚੇ, ਬਜ਼ੁਰਗ, ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ ਅਤੇ ਵਿਅਸਤ ਆਵਾਜਾਈ ਮਾਰਗਾਂ ਦੇ ਨੇੜੇ ਰਹਿਣ ਜਾਂ ਕੰਮ ਕਰਨ ਵਾਲੇ ਲੋਕ ਸ਼ਾਮਲ ਹਨ।

## ਕਬਾਇਲੀ ਜਨਗਣਨਾ ਖੇਤਰ

ਕਬਾਇਲੀ ਜਨਗਣਨਾ ਖੇਤਰਾਂ ਦਾ ਨਕਸ਼ਾ ਤਿਆਰ ਕਰਨਾ ਮਹੱਤਵਪੂਰਨ ਹੈ ਕਿਉਂਕਿ ਕਬਾਇਲੀ ਜ਼ਮੀਨਾਂ ਨੂੰ Healthy Environment for All (ਸਾਰਿਆਂ ਲਈ ਸਿਹਤਮੰਦ ਵਾਤਾਵਰਣ) ਅਤੇ Climate Commitment Acts (CCA, ਜਲਵਾਯੂ ਵਚਨਬੱਧਤਾ ਐਕਟ) ਵਿੱਚ 'ਜ਼ਿਆਦਾ ਬੋਝ ਵਾਲੇ ਭਾਈਚਾਰੇ' ਦੀ ਪਰਿਭਾਸ਼ਾ ਵਿੱਚ ਸ਼ਾਮਲ ਕੀਤਾ ਗਿਆ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਖੇਤਰ ਉਹਨਾਂ ਏਜੰਸੀਆਂ ਨੂੰ ਸਪਸ਼ਟ ਰੂਪ ਵਿੱਚ ਦਿਖਾਈ ਦੇਣ ਜਿਨ੍ਹਾਂ ਨੂੰ ਇਹਨਾਂ ਭਾਈਚਾਰਿਆਂ ਵੱਲ ਖਰਚਿਆਂ ਨੂੰ ਨਿਰਧਾਰਿਤ ਕਰਕੇ ਵਾਤਾਵਰਣ ਅਤੇ ਸਿਹਤ ਸੰਬੰਧੀ ਅਸਮਾਨਤਾਵਾਂ ਨੂੰ ਖ਼ਤਮ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਓਵਰਲੇਅ ਵਿੱਚ ਉਹ ਜਨਗਣਨਾ ਖੇਤਰ ਸ਼ਾਮਲ ਹਨ ਜਿਨ੍ਹਾਂ ਵਿੱਚ ਕੋਈ ਵੀ ਕਬਾਇਲੀ ਰਾਖਵੇਂ ਖੇਤਰ, ਰਾਖਵੇਂ ਖੇਤਰ ਤੋਂ ਬਾਹਰ ਦੀਆਂ ਕਬਾਇਲੀ ਜ਼ਮੀਨਾਂ ਜਾਂ ਵਿਵਾਦਿਤ ਜ਼ਮੀਨਾਂ ਸ਼ਾਮਲ ਹਨ।

## ਕਬਾਇਲੀ ਸਿਹਤ ਸੇਵਾਵਾਂ

ਕਬਾਇਲੀ ਭਾਈਚਾਰਿਆਂ ਨੂੰ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਇਹ ਜਾਣਨਾ ਕਿ ਸਿਹਤ ਸਹੂਲਤਾਂ ਕਿੱਥੇ ਸਥਿਤ ਹਨ, ਇਹ ਦਰਸਾਉਣ ਵਿੱਚ ਮਦਦ ਕਰਦਾ ਹੈ ਕਿ ਭਾਈਚਾਰੇ ਦੀ ਸਿਹਤ ਦੇ ਸਮਰਥਨ ਲਈ ਕਿਹੜੇ ਸਰੋਤ ਉਪਲਬਧ ਹਨ। ਸੱਭਿਆਚਾਰਕ ਕਦਰਾਂ-ਕੀਮਤਾਂ 'ਤੇ ਆਧਾਰਿਤ ਸਿਹਤ ਸੇਵਾਵਾਂ ਤੱਕ ਪਹੁੰਚ ਹਰ ਥਾਂ ਵੱਖ-ਵੱਖ ਹੋ ਸਕਦੀ ਹੈ, ਜਿਸਦਾ ਅਸਰ ਉਹਨਾਂ ਲੋਕਾਂ ਦੀ ਸਿਹਤ ਦੇ ਨਤੀਜਿਆਂ 'ਤੇ ਪੈ ਸਕਦਾ ਹੈ ਜੋ ਇਹਨਾਂ ਸੇਵਾਵਾਂ 'ਤੇ ਨਿਰਭਰ ਕਰਦੇ ਹਨ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਕਬਾਇਲੀ ਭਾਈਚਾਰੇ ਦੇ ਮੈਂਬਰ, ਬਜ਼ੁਰਗ, ਬੱਚੇ ਅਤੇ ਪੇਂਡੂ ਜਾਂ ਪਛੜੇ ਹੋਏ ਖੇਤਰਾਂ ਵਿੱਚ ਰਹਿਣ ਵਾਲੇ ਲੋਕ ਸ਼ਾਮਲ ਹਨ।

## ਕਬਾਇਲੀ ਜ਼ਮੀਨ ਦੀਆਂ ਸੀਮਾਵਾਂ

ਇਸ ਓਵਰਲੇਅ ਵਿੱਚ ਸ਼ਾਮਲ ਹਨ:

- ਰਾਖਵੇਂ ਖੇਤਰ: U.S Bureau of Indian Affairs (ਭਾਰਤੀ ਮਾਮਲਿਆਂ ਦਾ ਅਮਰੀਕੀ ਬਿਊਰੋ) ਵੱਲੋਂ ਅਧਿਕਾਰਤ ਤੌਰ 'ਤੇ ਕਬਾਇਲੀ ਰਾਖਵੇਂ ਖੇਤਰਾਂ ਵਜੋਂ ਮੰਨੀਆਂ ਗਈਆਂ ਜ਼ਮੀਨਾਂ।
- ਵਿਵਾਦਿਤ ਜ਼ਮੀਨਾਂ: ਉਹ ਖੇਤਰ ਜਿਨ੍ਹਾਂ ਨੂੰ ਰਾਖਵੇਂ ਖੇਤਰ ਦਾ ਹਿੱਸਾ ਮੰਨਿਆ ਜਾਂਦਾ ਹਨ ਪਰ ਜਿੱਥੇ ਜ਼ਮੀਨ ਦੀ ਮਲਕੀਅਤ ਵਿਵਾਦਿਤ ਹੈ।
- ਰਾਖਵੇਂ ਖੇਤਰ ਤੋਂ ਬਾਹਰ ਦੀਆਂ ਕਬਾਇਲੀ ਜ਼ਮੀਨਾਂ: ਰਾਖਵੇਂ ਖੇਤਰ ਦੀਆਂ ਸੀਮਾਵਾਂ ਤੋਂ ਬਾਹਰ ਦੀਆਂ ਉਹ ਜ਼ਮੀਨਾਂ ਜੋ ਕਬੀਲਿਆਂ ਵੱਲੋਂ ਖਰੀਦੀਆਂ ਗਈਆਂ ਹਨ ਜਾਂ ਜੋ ਕਬਾਇਲੀ ਵਰਤੋਂ ਲਈ ਟਰੱਸਟ ਵਿੱਚ ਰੱਖੀਆਂ ਗਈਆਂ ਹਨ, ਜੋ ਕਿ ਕਾਊਂਟੀ ਪਾਰਸਲ ਡੇਟਾ 'ਤੇ ਅਧਾਰਿਤ ਹਨ।

ਇਨ੍ਹਾਂ ਜ਼ਮੀਨਾਂ ਦਾ ਨਕਸ਼ਾ ਤਿਆਰ ਕਰਨਾ ਮਹੱਤਵਪੂਰਨ ਹੈ ਕਿਉਂਕਿ ਕਬਾਇਲੀ ਪ੍ਰਭੂਸੱਤਾ ਅਤੇ ਸਰੋਤਾਂ ਤੱਕ ਪਹੁੰਚ ਜ਼ਮੀਨ ਦੀ ਸਥਿਤੀ ਅਤੇ ਅਧਿਕਾਰ ਖੇਤਰ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਸੀਮਾਵਾਂ ਦੀ ਜਾਣਕਾਰੀ ਹੋਣਾ ਸਹੀ ਯੋਜਨਾਬੰਦੀ, ਵਾਤਾਵਰਣ ਦੀ ਸੁਰੱਖਿਆ ਅਤੇ ਕਬਾਇਲੀ ਰਾਸ਼ਟਰਾਂ ਨਾਲ ਆਦਰਯੋਗ ਸਹਿਯੋਗ ਵਿੱਚ ਮਦਦਗਾਰ ਹੁੰਦਾ ਹੈ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਕਬਾਇਲੀ ਭਾਈਚਾਰੇ ਦੇ ਮੈਂਬਰ, ਕਬਾਇਲੀ ਸਰਕਾਰਾਂ ਅਤੇ ਕਬਾਇਲੀ ਜ਼ਮੀਨਾਂ ਦੇ ਨੇੜੇ ਰਹਿਣ ਜਾਂ ਕੰਮ ਕਰਨ ਵਾਲੇ ਲੋਕ ਸ਼ਾਮਲ ਹਨ — ਖਾਸ ਕਰਕੇ ਉਹਨਾਂ ਥਾਵਾਂ 'ਤੇ ਜਿੱਥੇ ਜ਼ਮੀਨੀ ਪ੍ਰਬੰਧਨ ਜਾਂ ਸਰੋਤਾਂ ਤੱਕ ਪਹੁੰਚ ਨੇੜਲੇ ਖੇਤਰਾਂ ਨਾਲੋਂ ਵੱਖਰੀ ਹੁੰਦੀ ਹੈ।

## ਜਲਗ੍ਰਹਿ ਸੀਮਾਵਾਂ

ਜਲਗ੍ਰਹਿ ਜ਼ਮੀਨ ਦਾ ਉਹ ਖੇਤਰ ਹੁੰਦਾ ਹੈ ਜਿੱਥੇ ਮੀਂਹ ਅਤੇ ਪਿਘਲੀ ਹੋਈ ਬਰਫ਼ ਦਾ ਪਾਣੀ ਵਹਿ ਕੇ ਇੱਕੋ ਨਦੀ, ਦਰਿਆ ਜਾਂ ਝੀਲ ਵਿੱਚ ਜਾ ਕੇ ਮਿਲਦਾ ਹੈ। ਜਲਗ੍ਰਹਿ ਖੇਤਰਾਂ ਦਾ ਨਕਸ਼ਾ ਤਿਆਰ ਕਰਨਾ ਮਹੱਤਵਪੂਰਨ ਹੈ ਕਿਉਂਕਿ ਪਾਣੀ ਦੀ ਗੁਣਵੱਤਾ, ਹੜ੍ਹ, ਨਿਵਾਸ ਸਥਾਨਾਂ ਦੀ ਹਾਲਤ ਅਤੇ ਵਾਤਾਵਰਣ ਦੀ ਯੋਜਨਾਬੰਦੀ ਵਰਗੀਆਂ ਸਾਰੀਆਂ ਚੀਜ਼ਾਂ ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਪਾਣੀ ਕਿਸੇ ਖੇਤਰ ਵਿੱਚੋਂ ਕਿਵੇਂ ਲੰਘਦਾ ਹੈ। ਜਲਗ੍ਰਹਿ ਖੇਤਰ ਦੇ ਅੰਦਰ ਪ੍ਰਦੂਸ਼ਣ, ਵਿਕਾਸ ਅਤੇ ਜ਼ਮੀਨ ਦੀ ਵਰਤੋਂ ਵਿੱਚ ਹੋਣ ਵਾਲੇ ਬਦਲਾਅ ਹੇਠਲੇ ਵਹਾਅ ਵਾਲੇ ਭਾਈਚਾਰਿਆਂ ਅਤੇ ਵਾਤਾਵਰਣ ਨੂੰ ਪ੍ਰਭਾਵਿਤ ਕਰ ਸਕਦੇ ਹਨ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਸਥਾਨਕ ਜਲਮਾਰਗਾਂ 'ਤੇ ਨਿਰਭਰ ਰਹਿਣ ਵਾਲੇ ਘਰੇਲੂ ਪਰਿਵਾਰ, ਪੁਰਾਣੇ ਸਮੇਂ ਤੋਂ ਅਲਪ-ਸੰਖਿਅਕ ਭਾਈਚਾਰੇ, ਘੱਟ ਵਿੱਤੀ ਸਰੋਤਾਂ ਵਾਲੇ ਵਿਅਕਤੀ, ਕਬਾਇਲੀ ਭਾਈਚਾਰੇ ਅਤੇ ਹੜ੍ਹ ਜਾਂ ਭੂ-ਖੋਰ ਦੀ ਮਾਰ ਹੇਠ ਆਉਣ ਵਾਲੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕ ਸ਼ਾਮਲ ਹਨ।

### ਹੋਰ ਜਾਣਕਾਰੀ ਲਈ

EHD ਨਕਸ਼ੇ ਦੀ ਅੱਪਡੇਟ ਪ੍ਰਕਿਰਿਆ ਅਤੇ ਵਿਸਥਾਰਪੂਰਵਕ ਤਰੀਕਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ EHD ਨਕਸ਼ਾ ਰਿਪੋਰਟ (ਅੰਗਰੇਜ਼ੀ ਵਿੱਚ) ਵੇਖੋ।

### ਸਾਡੇ ਨਾਲ ਸੰਪਰਕ ਕਰੋ

ਸਵਾਲਾਂ ਜਾਂ ਹੋਰ ਜਾਣਕਾਰੀ ਲਈ, ਈਮੇਲ EHDMap@doh.wa.gov 'ਤੇ ਈਮੇਲ ਕਰੋ।

Washington State Department of HEALTH

**DOH 334-604 February 2026 CS Punjabi**

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।